**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਪੰਜਾਬ ਰਾਜ ਦੇ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਐਮਡੀਐਮਸੀ/09/9246
ਮਿਤੀ ਚੰਡੀਗੜ੍ਹ 18 ਦਸੰਬਰ, 2009

**ਵਿਸ਼ਾ** **ਪੰਜਾਬ ਰਾਜ ਦੇ ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿੱਚ ਮਿਡ ਡੇ ਮੀਲ ਦੇ ਕੰਮ ਨੂੰ ਵੇਖਣ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ ਐਮਡੀਐਮਸੀ/20088 ਮਿਤੀ 5.11.2008 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਦੇ ਨਾਲ ਐਜੂਸੈਟ ਰਾਹੀਂ 27.11.2009 ਨੂੰ ਹੋਈ ਮੀਟਿੰਗ ਵਿੱਚ ਇਹ ਗੱਲ ਕਾਫੀ ਵਿਸਥਾਰਪੂਰਵਕ ਵਿਚਾਰੀ ਗਈ ਸੀ ਕਿ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮਿਡ ਡੇ ਮੀਲ ਦੇ ਕੰਮ ਨੂੰ ਵੇਖਣ ਲਈ ਕਿਸ ਅਧਿਆਪਕ ਦੀ ਡਿਊਟੀ ਲਗਾਈ ਜਾਵੇ। ਇਸ ਮੁੱਦੇ ਤੇ ਸਮੇਂ ਸਮੇਂ ਸਿਰ ਪ੍ਰਤਿਬੇਨਤੀਆਂ ਵੀ ਆਉਂਦੀਆਂ ਰਹੀਆ ਹਨ ਅਤੇ ਪੰਜਾਬ ਰਾਜ ਦੇ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਮੈਥ ਅਤੇ ਸਾਇੰਸ ਦੀ ਮਹੱਤਤਾ ਨੂੰ ਵੇਖਦੇ ਹੋਇਆ ਅਤੇ ਇਨ੍ਹਾ ਵਿਸ਼ਿਆਂ ਦੀਆ ਖਾਲੀ ਅਸਾਮੀਆਂ ਨੂੰ ਵੇਖਦੇ ਹੋਇਆ ਇਹ ਹਦਾਇਤਾਂ ਵੀ ਕੀਤੀਆ ਗਈਆਂ ਸਨ ਕਿ ਇਹ ਕੰਮ ਪੀ.ਟੀ.ਆਈ., ਡੀ.ਪੀ.ਈ., ਡਰਾਇੰਗ ਟੀਚਰ, ਸਿਲਾਈ ਟੀਚਰ ਜਾਂ ਐਸ.ਐਲ.ਏ. ਨੂੰ ਦੇ ਦਿੱਤਾ ਜਾਵੇ ।

3.0 ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਠੀਕ ਢੰਗ ਲਾਲ ਨਾ ਸਮਝਣ ਦੀ ਵਜ੍ਹਾ ਕਰਕੇ ਕਈ ਸਕੂਲ ਮੁੱਖੀਆਂ ਵੱਲੋਂ ਪੰਜਾਬੀ ਅਤੇ ਹਿੰਦੀ ਅਧਿਆਪਕਾਂ ਦੀ ਡਿਊਟੀ ਸਿਰਫ ਇਸੀ ਗੱਲ ਕਰਕੇ ਲਗਾ ਦਿੱਤੀ ਜਾਂਦੀ ਹੈ ਕਿ ਮਿਡ-ਡੇ-ਮੀਲ ਦੇ ਕੰਮ ਨੂੰ ਵੇਖਣ ਦੀ ਜਿੰਮੇਵਾਰੀ ਵਿਭਾਗ ਵੱਲੋਂ ਉਹਨਾਂ ਦੀ ਹੀ ਲਗਾਈ ਗਈ ਹੈ ਜਦੋਂ ਕਿ ਵਿਭਾਗ ਵੱਲੋਂ ਇਸ ਤਰ੍ਹਾਂ ਦੀਆ ਹਦਾਇਤਾਂ ਕਦੇ ਵੀ ਨਹੀਂ ਕੀਤੀਆ ਗਈਆਂ ਸਨ । ਹਿਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੀ ਸਕੂਲ ਵਿੱਚ ਹਿੰਦੀ ਜਾਂ ਪੰਜਾਬੀ ਦੇ ਅਧਿਆਪਕ ਦੇ ਪਾਸ ਕੰਮ

ਦੀ ਪਹਿਲਾਂ ਹੀ ਬਹੁਤਾਇਤ ਹੈ ਅਤੇ ਉਸੇ ਸਕੂਲ ਵਿੱਚ ਜੇਕਰ ਕਿਸੀ ਹੋਰ ਵਿਸ਼ੇ ਦੇ ਅਧਿਆਪਕ ਕੋਲ ਇਤਨਾ ਪੜ੍ਹਾਈ ਦਾ ਬੋਝ ਨਾ ਹੋਵੇ ਤਾਂ ਸਕੂਲ ਮੁੱਖੀ ਇਸ ਗੱਲ ਦਾ ਫੈਸਲਾ ਆਪਣੇ ਪੱਧਰ ਤੇ ਲੈ ਸਕਦਾ ਹੈ । ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਆਪਣੇ ਲੋਕਲ ਸਕੂਲ ਦੇ ਹਾਲਾਤ ਨੂੰ ਵੇਖਦੇ ਹੋਇਆ ਇਸ ਵਿਸ਼ੇ ਤੇ ਸੱਭ ਤੋਂ ਵਧੀਆ ਫੈਸਲਾ ਸਕੂਲ ਮੁੱਖੀ ਹੀ ਕਰ ਸਕਦਾ ਹੈ ਕਿ ਇਹ ਕੰਮ ਕਿਸ ਨੂੰ ਦਿੱਤਾ ਜਾ ਸਕਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਡੀ.ਐਮ. (ਐਮ.ਆਈ.ਐਸ.) ਨੂੰ ਵੈੱਬ ਸਾਈਟ ਤੇ ਪਾਉਣ ਲਈ